# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

WORLD PUNJABI TIMES — REACHING THE WORLD

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 17 ਜੁਲਾਈ 2025 ਦਿਨ ਵੀਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## 20 ਜੁਲਾਈ ਨੂੰ ਅੰਤਿਮ ਅਰਦਾਸ ਮੌਕੇ ਪ੍ਰਕਾਸ਼ਨ ਹਿਤ
## ਸਿਰਕੱਢ ਭਾਸ਼ਾ ਵਿਗਿਆਨੀ ਪ੍ਰੋ. ਮੁਖਤਿਆਰ ਸਿੰਘ ਗਿੱਲ ਦਾ ਵਿਛੋੜਾ

ਵਰਲਡ ਪੰਜਾਬੀ ਟਾਈਮਜ਼ — ਗੁਰਭਜਨ ਗਿੱਲ



ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਭਾਸ਼ਾ ਵਿਗਿਆਨ ਦੇ ਅਧਿਆਪਕ ਤੇ ਮਗਰੋਂ ਲੰਮਾ ਸਮਾਂ ਐਂਥਰੋਪਾਲੋਜੀਕਲ ਲਿੰਗੁਇਸਟਿਕਸ ਦੇ ਮੁਖੀ ਰਹੇ ਪ੍ਰੋਫ਼ੈਸਰ ਤੇ ਮੁਖੀ ਰਹੇ ਪ੍ਰੋ. ਮੁਖਤਿਆਰ ਸਿੰਘ ਗਿੱਲ ਦੇ ਵਿਛੋੜੇ ਦੀ ਖ਼ਬਰ ਮਿਲੀ ਤਾਂ ਲੱਗਿਆ ਕਿ ਪੈਰਾਂ ਥੱਲਿਓਂ ਜ਼ਮੀਨ ਨਿੱਘਰ ਗਈ ਹੋਵੇ। ਅੰਬਰ ਵਿੱਚ ਮਘੋਰਾ ਪੈ ਗਿਆ ਹੋਵੇ। ਸੂਰਜ ਦਾ ਸਾਰਾ ਸੇਕ ਸਾੜਨ ਲੱਗ ਪਿਆ।

ਪ੍ਰੋ. ਮੁਖਤਿਆਰ ਸਿੰਘ ਗਿੱਲ ਦਾ ਮੇਰੇ ਨਾਲ ਰਿਸ਼ਤਾ 1978 ਵਿੱਚ ਉਦੋਂ ਜੁੜਿਆ ਜਦ ਮੈਂ ਕਿਲ੍ਹਾ ਰਾਏਪੁਰ ਵਿਆਹਿਆ ਗਿਆ। ਮੇਰੇ ਸਹੁਰੇ ਪਰਿਵਾਰ ਵਿੱਚ ਹੀ ਪ੍ਰੋ. ਮੁਖਤਿਆਰ ਸਿੰਘ ਗਿੱਲ ਵਿਆਹੇ ਹੋਏ ਸਨ। ਮੇਰੀ ਜੀਵਨ ਸਾਥਣ ਨਿਰਪਜੀਤ ਨਾਲ ਰਾਣਾਂ ਭੂਆ ਜੀ ਦਾ ਬੜਾ ਹੀ ਗੂੜ੍ਹਾ ਪਿਆਰ ਸੀ। ਇਸ ਸਾਕੋਂ ਪ੍ਰੋ. ਮੁਖਤਿਆਰ ਸਿੰਘ ਗਿੱਲ ਸਾਡੇ ਫੁੱਫੜ ਜੀ ਬਣ ਗਏ। ਪੰਜਾਬੀ ਯੂਨੀਵਰਸਿਟੀ ਵਿੱਚ ਉਨ੍ਹਾਂ ਦਾ ਘਰ ਆਪਣਾ ਆਪਣਾ ਲੱਗਣ ਲੱਗ ਪਿਆ। ਮਗਰੋਂ ਹਰਿੰਦਰ ਨਗਰ ਵਾਲਾ ਘਰ ਵੀ। ਮੇਰੀ ਸਰਦਾਰਨੀ ਨੇ 1989-90 ਵਿੱਚ ਇਸੇ ਯੂਨੀਵਰਸਿਟੀ ਤੋਂ ਐੱਮ ਫਿੱਲ ਕੀਤੀ ਤਾਂ ਨਿੱਜੀ ਸੰਪਰਕ ਪ੍ਰੋਗ੍ਰਾਮ ਵੇਲੇ ਭੂਆ-ਫੁੱਫੜ ਜੀ ਦਾ ਘਰ ਹੀ ਟਿਕਾਣਾ ਬਣਦਾ।

ਉਨ੍ਹਾਂ ਦੇ ਦੋਵੇਂ ਪੁੱਤਰ ਜਦ ਸੈਨਿਕ ਸਕੂਲ ਕਪੂਰਥਲਾ ਵਿੱਚ ਪੜ੍ਹਦੇ ਸਨ ਤਾਂ ਲੁਧਿਆਣੇ ਕਈ ਵਾਰ ਰੁਕ ਕੇ ਜਾਂਦੇ। ਉਹ ਪੁੱਤਰਾਂ ਨੂੰ ਫ਼ੌਜੀ ਅਫ਼ਸਰ ਬਣਾਉਣਾ ਚਾਹੁੰਦੇ ਸਨ ਪਰ ਕੁਰਤ ਨੂੰ ਕੁਝ ਹੋਰ ਮਨਜ਼ੂਰ ਸੀ। ਦੋਵੇਂ ਬਿਜਨਸ ਮੈਨੇਜਮੈਂਟ ਦੇ ਸ਼ਾਹ ਅਸਵਾਰ ਬਣੇ। ਵੱਡਾ ਪੁੱਤਰ ਕਈ ਮਲਟੀ ਨੈਸ਼ਨਲ ਕੰਪਨੀਆਂ ਦਾ ਕੌਮੀ ਹੈੱਡ ਰਿਹਾ ਪਰ ਜਵਾਨ ਉਮਰੇ ਹੀ ਸਦੀਵੀ ਅਲਵਿਦਾ ਕਹਿ ਗਿਆ। ਮਾਪਿਆਂ ਦੀ ਸਿਹਤ ਨੂੰ ਪੁੱਤਰ ਦਾ ਵਿਛੋੜਾ ਸਿਉਂਕ ਵਾਂਗ ਅੰਦਰੋਂ ਅੰਦਰ ਖਾ ਗਿਆ। ਫਿਰ ਪੋਤਰਾ ਚਲਾ ਗਿਆ, ਇਹ ਤਾਂ ਸਿਰ ਦੀ ਸੱਟ ਸੀ।

ਪ੍ਰੋ. ਮੁਖਤਿਆਰ ਸਿੰਘ ਗਿੱਲ ਦਾ ਨਿੱਕਾ ਪੁੱਤਰ ਡਾ. ਪੁਸ਼ਪਿੰਦਰ ਸਿੰਘ ਗਿੱਲ ਪੰਜਾਬੀ ਯੂਨੀਵਰਸਿਟੀ ਵਿੱਚ ਬਿਜਨਸ ਮੈਨੇਜਮੈਂਟ ਦਾ ਪ੍ਰੋਫ਼ੈਸਰ, ਕਈ ਵਾਰ ਡੀਨ, ਡਾਇਰੈਕਟਰ ਤੇ ਸੀਨੀਅਰ ਮੋਸਟ ਪ੍ਰੋਫ਼ੈਸਰ ਲਗਪਗ ਪੰਦਰਾਂ ਸਾਲ ਰਿਹਾ। ਪੰਜਾਬ ਦੀਆਂ ਯੂਨੀਵਰਸਿਟੀਆਂ ਵਿੱਚ ਵਾਈਸ ਚਾਂਸਲਰ ਲੱਗਦਾ ਲੱਗਦਾ ਦੋ ਵਾਰ ਰਹਿ ਗਿਆ।

ਫੁੱਫੜ ਜੀ ਪ੍ਰੋ. ਮੁਖਤਿਆਰ ਸਿੰਘ ਗਿੱਲ ਸ. ਸੁਖਦੇਵ ਸਿੰਘ ਢੀਂਡਸਾ ਦੇ ਗੂੜ੍ਹੇ ਮਿੱਤਰ ਸਨ। ਅਕਾਲ ਸੰਸਥਾਵਾਂ ਮਸਤੂਆਣਾ ਸਾਹਿਬ(ਸੰਗਰੂਰ) ਦੇ ਵਿਕਾਸ ਵਿੱਚ ਦੋਹਾਂ ਨੇ ਵੱਡਾ ਯੋਗਦਾਨ ਪਾਇਆ।

ਉਨ੍ਹਾਂ ਦੇ ਜਾਣ ਤੇ ਹਰ ਸੱਜਣ ਪਿਆਰੇ ਦੀ ਹਾਲਤ ਉਰਦੂ ਦੇ ਇਸ ਸ਼ਿਅਰ ਵਰਗੀ ਹੈ।

ਕੈਸਾ ਆਲਮ ਹੈ ਕਿ ਰੌਸ਼ਨੀ ਤਲਵੋਂ ਮੇ ਚੁਭਤੀ ਹੈ,
ਕਿਸੀ ਨੇ ਤੋੜ ਕਰ ਬਿਖਰਾ ਦੀਆ ਹੋ ਆਈਨਾ ਜੈਸੇ।

ਪ੍ਰੋਫ਼ੈਸਰ ਮੁਖਤਿਆਰ ਨੇ ਆਪਣੀ ਅਕਾਦਮਿਕ ਯਾਤਰਾ ਭਾਸ਼ਾ ਵਿਭਾਗ ਪੰਜਾਬ ਤੋਂ ਸ਼ੁਰੂ ਕੀਤੀ। ਮਗਰੋਂ ਆਪ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਐਂਥਰੋਪੋਲੌਜਿਕਲ ਲਿੰਗੁਇਸਟਿਕਸ ਵਿਭਾਗ ਵਿੱਚ ਆ ਗਏ। ਇੱਥੇ ਰਹਿੰਦਿਆਂ ਉਹਨਾਂ ਨੇ ਮਲਵਈ ਉਪਭਾਸ਼ਾ ਦੇ ਧੁਨੀ-ਪ੍ਰਬੰਧ ਵਿਸ਼ੇ ਉਪਰ ਵਿਸ਼ਵ ਪ੍ਰਸਿੱਧ ਚਿਹਨ ਵਿਗਿਆਨੀ ਪ੍ਰੋਫ਼ੈਸਰ ਹਰਜੀਤ ਸਿੰਘ ਗਿੱਲ ਨਾਲ ਆਪਣਾ ਖੋਜ-ਕਾਰਜ ਕੀਤਾ।

ਖੋਜ-ਕਾਰਜ ਉਪਰੰਤ ਉਹਨਾਂ ਦਾ ਪ੍ਰੋਫ਼ੈਸਰ ਹਰਜੀਤ ਸਿੰਘ ਗਿੱਲ ਦੁਆਰਾ ਤਿਆਰ ਕੀਤੇ ਪੰਜਾਬੀ ਭਾਸ਼ਾ ਦੇ ਐਟਲਸ ਵਿੱਚ ਵੀ ਅਹਿਮ ਯੋਗਦਾਨ ਰਿਹਾ। ਇਹ ਐਟਲਸ ਆਪਣੇ ਵੇਲੇ ਦਾ ਭਾਰਤ ਦੀਆਂ ਭਾਸ਼ਾਵਾਂ ਅੰਦਰ ਸਭ ਤੋਂ ਨਿਵੇਕਲੀ ਕਿਸਮ ਦਾ ਅਧਿਐਨ ਸੀ। ਇਸ ਦੇ ਨਾਲ ਉਹ ਲਗਾਤਾਰ ਅਧਿਐਨ ਅਤੇ ਅਧਿਆਪਨ ਦੇ ਕਾਰਜ ਨਾਲ ਜੁੜੇ ਰਹੇ। ਪੰਜਾਬੀ ਭਾਸ਼ਾ ਅਤੇ ਚਿੰਤਨ ਨੂੰ ਉਹਨਾਂ ਦੀ ਬੜੀ ਅਹਿਮ ਦੇਣ ਹੈ। ਜੋ ਹੁਣ ਤੱਕ ਪੰਜਾਬੀ ਖੋਜਾਰਥੀਆਂ ਅਤੇ ਵਿਦਵਾਨਾਂ ਦਾ ਮਾਰਗ-ਦਰਸ਼ਨ ਕਰਦੀ ਹੈ।

ਅਧਿਆਪਨ ਕਾਰਜ ਦੇ ਨਾਲ-ਨਾਲ ਆਪ ਨੇ ਪੰਜਾਬੀ ਯੂਨੀਵਰਸਿਟੀ ਟੀਚਰਜ਼ ਐਸੋਸੀਏਸ਼ਨ (PUTA) ਦੀਆਂ ਚੋਣਾਂ ਅੰਦਰ 21 ਵਾਰ ਭਾਗ ਲਿਆ ਅਤੇ 19 ਵਾਰੀ ਨਾਮਜ਼ਦ ਹੋਏ। ਇਸ ਤਰ੍ਹਾਂ ਉਹ ਸਿੱਖਿਆ ਦੇ ਖੇਤਰ ਅੰਦਰ ਅਤੇ ਅਧਿਆਪਕਾਂ ਦੀਆਂ ਹੱਕੀ ਮੰਗਾਂ ਲਈ ਲਗਾਤਾਰ ਸੰਘਰਸ਼ ਕਰਦੇ ਹੋਏ, ਪੰਜਾਬ ਦੀ ਉੱਚ-ਸਿੱਖਿਆ ਦੇ ਖੇਤਰ ਅੰਦਰ ਆਪਣਾ ਯੋਗਦਾਨ ਪਾਉਂਦੇ ਰਹੇ।

ਪ੍ਰੋ. ਮੁਖਤਿਆਰ ਸਿੰਘ ਗਿੱਲ ਨਮਿਤ ਭੋਗ ਤੇ ਅੰਤਿਮ ਅਰਦਾਸ 20 ਜੁਲਾਈ ਨੂੰ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇੜੇ 23ਨੰਬਰ ਫਾਟਕ, ਮਾਡਲ ਟਾਊਨ ਪਟਿਆਲਾ ਵਿਖੇ ਹੋਵੇਗੀ।

ਉਨ੍ਹਾਂ ਦੇ ਵਿਛੋੜੇ ਤੇ ਮੇਰੇ ਮਨ ਦੀ ਕੈਫ਼ੀਅਤ ਪ੍ਰੋ. ਮੋਹਨ ਸਿੰਘ ਜੀ ਦੇ ਇਸ ਸ਼ਿਅਰ ਵਰਗੀ ਹੈ।

ਫੁੱਲ ਹਿੱਕ ਵਿੱਚ ਜੰਮੀ ਪਲ਼ੀ ਖ਼ੁਸ਼ਬੂ ਜਾਂ ਉੱਡ ਗਈ,
ਇਹਸਾਸ ਹੋਇਆ ਫੁੱਲ ਨੂੰ ਰੰਗਾਂ ਦੇ ਭਾਰ ਦਾ।
ਪ੍ਰੋ. ਮੁਖਤਿਆਰ ਸਿੰਘ ਗਿੱਲ ਜੀ ਨੂੰ ਸਲਾਮ ਹੈ।

## ਕੋਟਕਪੂਰਾ ਦੇ ਬਲਾਕ ਪ੍ਰਧਾਨਾਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਹੋਈ ਮੀਟਿੰਗ

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ

ਕੋਟਕਪੂਰਾ, 17 ਜੁਲਾਈ: ਇੰਜੀ. ਸੁਖਜੀਤ ਸਿੰਘ ਢਿੱਲਵਾਂ ਚੇਅਰਮੈਨ ਜਿਲ੍ਹਾ ਯੋਜਨਾ ਬੋਰਡ ਫਰੀਦਕੋਟ ਦੀ ਅਗਵਾਈ ਹੇਠ ਕੋਟਕਪੂਰਾ ਦੇ ਬਲਾਕ ਪ੍ਰਧਾਨਾਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਮਹੱਤਵਪੂਰਨ ਮੀਟਿੰਗ ਹੋਈ, ਜਿਸ ਵਿੱਚ ਖੇਤਰੀ ਵਿਕਾਸ, ਸਰਕਾਰੀ ਯੋਜਨਾਵਾਂ ਅਤੇ ਪਿੰਡ ਪੱਧਰ ਦੀਆਂ ਸਮੱਸਿਆਵਾਂ ਉੱਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਇਸ ਮੌਕੇ ਐਡਵੋਕੇਟ ਬੀਰਇੰਦਰ ਸਿੰਘ ਸੰਧਵਾਂ ਵੀ ਵਿਸ਼ੇਸ਼ ਤੌਰ ’ਤੇ ਹਾਜ਼ਰ ਸਨ। ਮੀਟਿੰਗ ਵਿੱਚ ਬਲਾਕ ਪ੍ਰਧਾਨ ਵੱਲੋਂ ਪਿੰਡਾਂ ਵਿੱਚ ਪੀਣ ਵਾਲੇ




ਪਾਣੀ, ਨਿਕਾਸੀ ਪ੍ਰਣਾਲੀ, ਨਸ਼ਾ ਮੁਕਤੀ, ਸੜਕਾਂ ਦੀ ਮੁਰੰਮਤ, ਸਟਰੀਟ ਲਾਈਟਾਂ, ਅਤੇ ਰੋਜ਼ਗਾਰ ਯੋਜਨਾਵਾਂ ਆਦਿ ਸਬੰਧੀ ਜਿਲ੍ਹਾ ਪ੍ਰਸ਼ਾਸ਼ਨ ਨਾਲ ਵਿਸਥਾਰ ਵਿਚਾਰ ਚਰਚਾ ਕੀਤੀ ਗਈ ਅਤੇ ਆਪਣੇ ਆਪਣੇ ਸੁਝਾਅ ਪੇਸ਼ ਕੀਤੇ ਗਏ। ਉਨ੍ਹਾਂ ਜਿਲ੍ਹਾ ਪ੍ਰਸ਼ਾਸ਼ਨ ਨੂੰ ਅਪੀਲ ਕੀਤੀ ਕਿ ਸਰਕਾਰੀ ਸਕੀਮਾਂ ਦੀ ਜਾਣਕਾਰੀ ਦੇਣ ਲਈ ਸਮੇਂ ਸਮੇਂ ਤੇ ਕੈਂਪ ਲਗਾਏ ਜਾਣ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਮੀਟਿੰਗ ਵਿੱਚ ਚਰਚਿਤ ਹਰ ਮੁੱਦੇ ’ਤੇ ਤੁਰਤ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਐੱਸ.ਡੀ.ਐੱਮ. ਫਰੀਦਕੋਟ ਮੇਜਰ ਡਾ. ਵਰੁਣ ਕੁਮਾਰ, ਚੇਅਰਮੈਨ ਮਾਰਕਿਟ ਕਮੇਟੀ ਕੋਟਕਪੂਰਾ ਗੁਰਮੀਤ ਸਿੰਘ ਆਰੇਵਾਲਾ, ਸੰਦੀਪ ਸਿੰਘ ਕੰਮੇਆਣਾ ਬਲਾਕ ਪ੍ਰਧਾਨ, ਮੇਹਰ ਸਿੰਘ ਚੰਨੀ ਆਦਿ ਵੀ ਹਾਜ਼ਰ ਸਨ।

## ਅਸੰਖਾਂ

ਵਰਲਡ ਪੰਜਾਬੀ ਟਾਈਮਜ਼ — ਸੁਰਜੀਤ ਸਾਰੰਗ

ਵਰਸ਼ੋ ਮੇਘ ਜੀ ਬਿਲਮ ਨਾ ਕਰੋ
ਇਕ ਕਣੀ ਮੇਘ ਦੀ

ਸੋਹਣਾ ਸੰਗੀਤ ,ਨਾਦ ਅਸੰਖਾਂ
ਇਕ ਪੱਤੀ ਤੇ ਇਕ ਕਣੀ ਤਰਿੱਪ।

ਜਦੋਂ ਸਰੀਰ ਤੇ ਇਕ ਕਣੀ ਪੈਂਦੀ
ਟੀਨ ਦੀ ਛੱਤ ਤੇ ਕਣੀ ਮੇਘ ਦੀ ਗਿਰਦੀ ਟਿੱਕ ਦਾ ਸੰਗੀਤ ਨਾਦ ਅਸੰਖਾਂ ਵੱਜਦੇ।

ਕੱਚੀ ਮਿੱਟੀ ਤੇ ਮੇਘ ਦੀ ਕਣੀਆਂ ਬਹੁਤ ਮਹਿਕ ਸੋਂਧੀ।
ਜਦੋਂ ਪੱਥਰ ਉਤੇ ਡਿੱਗੇ ਤਾਂ ਕਣੀ ਸੱਟ ਖਾਵੇ।

ਜਦੋਂ ਅੱਗ ਉਤੇ ਡਿੱਗੇ ਝੁਲਸ ਜਾਵੇ ਇਕ ਬਨਾਉਟੀ ਕੜਿੱਕ
ਇਕ ਮੇਘ ਦੀ ਕਣੀ

ਅਨੇਕਾਂ ਹੀ ਰਾਗ ਉਤਪਨ ਕਰੇ।
ਵਨ-ਸਵੰਨੇ ਭਾਵ-ਅਨੁਭਾਵ

ਕਿੰਨੇ ਸੁਰ ਅਲਾਪ ਕਰੇ ਇਕ ਕਣੀ ਮੇਘ ਦੀ।
ਇਸ ਮੇਘ ਤੋਂ ਕਿਤਨੇ ਬਣੇ ਰਾਗ, ਅਨੁਰਾਗ, ਵੈਰਾਗ

ਵੱਖ ਵੱਖ ਜਗ੍ਹਾ ,ਅਨੇਕ ਰਸ ਸਿਰਜੇ ਅਸੰਖ ਨਾਦ
ਇਕ ਕਣੀ ਮੇਘ ਦੀ।

## ਗ਼ਜ਼ਲ ਮੰਚ ਸਰੀ ਵੱਲੋਂ ਪੰਜਾਬ ਤੋਂ ਆਏ ਪ੍ਰਸਿੱਧ ਸ਼ਾਇਰ ਸੁਰਿੰਦਰਪ੍ਰੀਤ ਘਣੀਆ ਨਾਲ ਰੂਬਰੂ

ਵਰਲਡ ਪੰਜਾਬੀ ਟਾਈਮਜ਼ — ਹਰਦਮ ਮਾਨ

ਸਰੀ, 17 ਜੁਲਾਈ : ਗ਼ਜ਼ਲ ਮੰਚ ਸਰੀ ਵੱਲੋਂ ਪੰਜਾਬ ਤੋਂ ਆਏ ਪ੍ਰਸਿੱਧ ਸ਼ਾਇਰ ਸੁਰਿੰਦਰਪ੍ਰੀਤ ਘਣੀਆ ਨਾਲ ਰੂਬਰੂ ਪ੍ਰੋਗਰਾਮ ਕਰਵਾਇਆ ਗਿਆ। ਪ੍ਰੋਗਰਾਮ ਦਾ ਆਗਾਜ਼ ਕਰਦਿਆਂ ਮੰਚ ਦੇ ਪ੍ਰਧਾਨ ਜਸਵਿੰਦਰ ਅਤੇ ਜਨਰਲ ਸਕੱਤਰ ਦਵਿੰਦਰ ਗੌਤਮ ਨੇ ਕਿਹਾ ਕਿ ਗ਼ਜ਼ਲ ਮੰਚ ਲਈ ਇਹ ਬੇਹੱਦ ਖੁਸ਼ੀ ਦਾ ਮੌਕਾ ਹੈ ਕਿ ਪੰਜਾਬੀ ਗ਼ਜ਼ਲ ਦੇ ਉੱਘੇ ਹਸਤਾਖ਼ਰ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਕੱਤਰ ਸੁਰਿੰਦਰਪ੍ਰੀਤ ਘਣੀਆ ਗ਼ਜ਼ਲ ਮੰਚ ਸਰੀ ਦੇ ਸ਼ਾਇਰਾਂ ਦੇ ਰੂਬਰੂ ਹੋਏ ਹਨ। ਗ਼ਜ਼ਲ ਮੰਚ ਦੇ ਸ਼ਾਇਰ ਰਾਜਵੰਤ ਰਾਜ, ਦਸ਼ਮੇਸ਼ ਗਿੱਲ ਫ਼ਿਰੋਜ਼, ਹਰਦਮ ਮਾਨ, ਪ੍ਰੀਤ ਮਨਪ੍ਰੀਤ ਅਤੇ ਮਹਿੰਦਰਪਾਲ ਸਿੰਘ ਪਾਲ ਨੇ ਵੀ ਸੁਰਿੰਦਰਪ੍ਰੀਤ ਘਣੀਆ ਨੂੰ ਜੀ ਆਇਆ ਕਿਹਾ।




ਸੁਰਿੰਦਰਪ੍ਰੀਤ ਘਣੀਆ ਨੇ ਆਪਣੇ ਸੰਘਰਸ਼ਮਈ ਜੀਵਨ, ਵਿਦਿਆ, ਪਰਿਵਾਰ, 39 ਸਾਲਾ ਅਧਿਆਪਨ ਕਾਰਜ, ਪ੍ਰਾਪਤੀਆਂ ਅਤੇ ਮੌਜੂਦਾ ਰਿਟਾਇਰਮੈਂਟ ਜੀਵਨ ਬਾਰੇ ਵਿਸਥਾਰ ਵਿਚ ਗੱਲਬਾਤ ਕੀਤੀ। ਸਾਹਿਤਕ ਚਿਣਗ ਬਾਰੇ ਉਨ੍ਹਾਂ ਦੱਸਿਆ ਕਿ ਦਸਵੀਂ ਵਿਚ ਪੜ੍ਹਦਿਆਂ ਉਨ੍ਹਾਂ ਆਪਣਾ ਪਹਿਲਾ ਗੀਤ ਸ਼ਹੀਦੇ-ਆਜ਼ਮ ਭਗਤ ਸਿੰਘ ਦੀ ਸ਼ਹਾਦਤ ਬਾਰੇ ਲਿਖਿਆ ਸੀ। ਦੇਵ ਰਾਊਕੇ ਦੇ ਗ਼ਜ਼ਲ ਸੰਗ੍ਰਹਿ ‘ਤੇਰੀਆਂ ਗ਼ਜ਼ਲਾਂ ਮੇਰੇ ਗੀਤ’ ਪੜ੍ਹਨ ਉਪਰੰਤ ਉਸ ਨੂੰ ਲੱਗਿਆ ਕਿ ਉਹ ਵੀ ਆਪਣੇ ਦਿਲੀ ਜਜ਼ਬਾਤ ਦਾ ਪ੍ਰਗਟਾਵਾ ਇਸ ਤਰ੍ਹਾਂ ਦੇ ਕਾਵਿ ਰੂਪ ਵਿਚ ਕਰ ਸਕਦਾ ਹੈ। ਫਿਰ ਉਸ ਨੇ ਪੰਜਾਬੀ ਸਾਹਿਤ ਸਭਾ ਨਾਲ ਜੁੜ ਕੇ ਹਰਦਮ ਸਿੰਘ ਮਾਨ ਜਿਹੇ ਦੋਸਤਾਂ ਦੀ ਸੰਗਤ ਮਾਣਦਿਆਂ ਉਸਤਾਦ ਸ਼ਾਇਰ ਦੀਪਕ ਜੈਤੋਈ ਪਾਸੋਂ ਗ਼ਜ਼ਲ ਬਾਰੇ ਗਿਆਨ ਹਾਸਲ ਕੀਤਾ ਅਤੇ ਨਾਮਵਰ ਸ਼ਾਇਰ ਜਸਵਿੰਦਰ ਅਤੇ ਹੋਰ ਸ਼ਾਇਰਾਂ ਨਾਲ ਮੇਲ ਮਿਲਾਪ ਹੋਇਆ। ਪਹਿਲੀ ਗ਼ਜ਼ਲ ਪ੍ਰਮਿੰਦਰਜੀਤ ਦੁਆਰਾ ਸੰਪਾਦਿਤ ਮੈਗਜ਼ੀਨ ‘ਲੋਅ’ ਵਿਚ ਛਪੀ। ਹੁਣ ਤੱਕ ਉਸ ਦੇ ਦੋ ਗ਼ਜ਼ਲ ਸੰਗ੍ਰਿਹ ‘ਹਰਫ਼ਾਂ ਦੇ ਪੁਲ’ ਅਤੇ ‘ਟੂਮਾਂ’ ਛਪ ਚੁੱਕੇ ਹਨ।

ਸਾਹਿਤ ਦੇ ਸਮਾਜਿਕ ਰੋਲ ਬਾਰੇ ਉਸ ਦਾ ਕਹਿਣਾ ਸੀ ਕਿ ਸਾਹਿਤ ਕ੍ਰਾਂਤੀ ਵਾਸਤੇ ਜ਼ਮੀਨ ਤਿਆਰ ਕਰਦਾ ਹੈ, ਕ੍ਰਾਂਤੀ ਵੀ ਲਿਆ ਸਕਦਾ ਹੈ, ਤਖ਼ਤ ਵੀ ਪਲਟਾ ਸਕਦਾ ਹੈ। ਏਸੇ ਕਰ ਕੇ ਹੀ ਹਾਕਮ ਸ਼ਾਇਰਾਂ ਤੋਂ ਖ਼ਤਰਾ ਮਹਿਸੂਸ ਕਰਦਾ ਹੈ।

ਇਸ ਮੌਕੇ ਉਸ ਨੇ ਆਪਣੀਆਂ ਕੁਝ ਗ਼ਜ਼ਲਾਂ ਵੀ ਸਾਂਝੀਆਂ ਕੀਤੀਆਂ। ਉਸ ਦਾ ਸ਼ਾਇਰਾਨਾ ਰੰਗ ਸੀ-

ਅਜੇ ਤਰਦੇ ਨੇ ਪੱਥਰ ਇਸ ਵਿੱਚ, ਫੁੱਲ ਡੁੱਬਦੇ ਨੇ

ਸਮੇਂ ਦੇ ਵਹਿਣ ਸੰਗ ਮੇਰੀ ਕਿਵੇਂ ਫਿਰ ਸਹਿਮਤੀ ਹੋਵੇ

ਮੈਂ ਪਿੰਡ ਦਾ ਹਾਲ ਪੁੱਛਣ ਸ਼ਹਿਰੋਂ ਅੱਜ ਕੱਲ੍ਹ ਪਿੰਡ ਨਹੀਂ ਜਾਂਦਾ

ਮੈਂ ਲੇਬਰ ਚੌਂਕ ਵਿੱਚੋਂ ਹਾਲ ਪਿੰਡ ਦਾ ਜਾਣ ਲੈਂਦਾ ਹਾਂ

ਉਹ ਮੇਰੇ ਉੱਤੇ ਹਰ ਪਲ ਏਸੇ ਕਰਕੇ ਨਜ਼ਰ ਰੱਖਦੇ ਨੇ

ਮੈਂ ਆਪਣੇ ਕਮਰੇ ਵਿੱਚੋਂ ਸੰਸਦ ਉੱਤੇ ਵਾਰ ਕਰਦਾ ਹਾਂ

ਜਦੋਂ ਵੀ ਠੇਲ ਦਾ ਕਿਸ਼ਤੀ ਮਿਲਣ ਦਰਿਆ ਚੜ੍ਹੇ ਹੋਏ

ਕਿਵੇਂ ਹੈ ਪਾਰ ਲੱਗਣਾ ਸਬਕ ਨੇ ਮੈਂ ਵੀ ਪੜ੍ਹੇ ਹੋਏ

ਅੰਤ ਵਿਚ ਗ਼ਜ਼ਲ ਮੰਚ ਵੱਲੋਂ ਮਹਿਮਾਨ ਸ਼ਾਇਰ ਸੁਰਿੰਦਰਪ੍ਰੀਤ ਘਣੀਆ ਨੂੰ ਸਨਮਾਨਿਤ ਕੀਤਾ ਗਿਆ। ਦਸ਼ਮੇਸ਼ ਗਿੱਲ ਫ਼ਿਰੋਜ਼ ਅਤੇ ਮਹਿੰਦਰਪਾਲ ਸਿੰਘ ਪਾਲ ਵੱਲੋਂ ਸ਼ਾਇਰ ਘਣੀਆ ਨੂੰ ਆਪਣੀਆਂ ਸ਼ਾਇਰੀ ਦੀਆਂ ਪੁਸਤਕਾਂ ਦਿੱਤੀਆਂ ਗਈਆਂ।

## ਆਕਸਫੋਰਡ ਦੇ ਵਿਦਿਆਰਥੀਆਂ ਨੇ ਕੱਢੀ ਇੱਕ ਜਾਗਰੂਕਤਾ ਰੈਲੀ

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ




ਕੋਟਕਪੂਰਾ, 17 ਜੁਲਾਈ : ‘ਦਾ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ, ਭਗਤਾ ਭਾਈਕਾ’ ਇੱਕ ਅਜਿਹੀ ਵਿੱਦਿਅਕ ਸੰਸਥਾ ਹੈ, ਜਿਸ ਵਿੱਚ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਹੋਰ ਕਈ ਪ੍ਰਕਾਰ ਦੀਆਂ ਗਤੀਵਿਧੀਆਂ, ਬੋਧਿਕ ਕ੍ਰਿਰਿਆਵਾਂ ਦਾ ਹਿੱਸਾ ਬਣਾਇਆ ਜਾਂਦਾ ਹੈ, ਜੋ ਉਨ੍ਹਾਂ ਨੂੰ ਇੱਕ ਜਿੰਮੇਵਾਰ ਨਾਗਰਿਕ ਬਣਾਉਣ ਵਿੱਚ ਸਹਾਈ ਹੁੰਦੀਆਂ ਹਨ। ਬੀਤੇ ਦਿਨੀ ਵੀ ਸੰਸਥਾ ਦੇ ਵਿਦਿਆਰਥੀਆਂ ਵੱਲੋਂ ਸੜਕ ਸੁਰੱਖਿਆ ਚੇਤਨਾ ਰੈਲੀ ਕੱਢੀ ਗਈ, ਜਿਸ ਵਿੱਚ ਛੇਵੀਂ ਜਮਾਤ ਤੋਂ ਦੱਸਵੀਂ ਤੱਕ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਸਕੂਲ ਦੇ ਪ੍ਰਿੰਸੀਪਲ ਰੂਪ ਲਾਲ ਬਾਂਸਲ ਵੱਲੋਂ ਰਵਾਨਾ ਕੀਤੀ ਗਈ ਇਸ ਰੈਲੀ ਨੇ ਸਕੂਲ ਦੇ ਡੀ.ਪੀ.ਆਈਜ਼. ਅਧਿਆਪਕਾਂ ਦੀ ਅਗਵਾਈ ਵਿੱਚ ਕੋਠਾ ਗੁਰੂ ਕਾ




ਅਤੇ ਕਲਿਆਣ ਸੱਖਾ ਪਿੰਡਾਂ ਦਾ ਦੌਰਾ ਕੀਤਾ ਗਿਆ। ਪੱਤਰਕਾਰਾਂ ਨਾਲ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਵਿਦਿਆਰਥੀਆਂ ਨੇ ਕਿਹਾ ਕਿ ਲੋਕਾਂ ਨੂੰ ਸੜਕ-ਸੁਰੱਖਿਆ ਬਾਰੇ ਜਾਣੂ ਕਰਾਉਣਾ ਬੇਹੱਦ ਜਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਬਹੁਤ ਸਾਰੇ ਲੋਕ ਅਜਿਹੇ ਹੁੰਦੇ ਹਨ ਜੋ ਸੜਕ ਆਵਾਜਾਈ ਦੇ ਨਿਯਮਾਂ ਤੋਂ ਜਾਣੂ ਨਹੀਂ ਹੁੰਦੇ, ਜਿਸ ਕਾਰਨ ਬਹੁਤ ਸਾਰੀਆਂ ਅਣਸੁਖਾਵੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ। ਉਨ੍ਹਾਂ ਨੇ ਵਧੇਰੇ ਵਿਸਥਾਰ ਨਾਲ ਦੱਸਦਿਆਂ ਕਿਹਾ ਕਿ ਅਠਾਰਾਂ ਸਾਲ ਤੋਂ ਘੱਟ ਉਮਰ ਦੇ ਬੱਚੇ ਵਹੀਕਲ ਚਲਾ ਰਹੇ ਹਨ, ਜਿੰਨ੍ਹਾਂ ਨੂੰ ਨਾ ਤਾਂ ਸੜਕ ਨਿਯਮਾਂ ਦਾ ਪਤਾ ਹੁੰਦਾ ਹੈ ਅਤੇ ਨਾ ਹੀ ਉਨ੍ਹਾਂ ਕੋਲ ਡਰਾਈਵਿੰਗ ਲਾਇਸੰਸ ਹੁੰਦਾ ਹੈ। ਅਜਿਹੇ ਬੱਚੇ ਦਰਦਨਾਕ ਘਟਨਾਵਾਂ ਨੂੰ ਸੱਦਾ ਦਿੰਦੇ ਹਨ। ਇਸ ਮੌਕੇ ਪ੍ਰਿੰਸੀਪਲ ਰੂਪ ਲਾਲ ਬਾਂਸਲ ਨੇ ਕਿਹਾ ਕਿ ਸਾਨੂੰ ਸੜਕੀ ਆਵਾਜਾਈ ਦੇ ਨਿਯਮਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਅਤੇ ਟ੍ਰੈਫਿਕ ਬੱਤੀਆਂ ਦਾ ਪਾਲਣ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਕਰਕੇ ਅਸੀਂ ਆਪਣੀ ਅਤੇ ਹੋਰਾਂ ਦੀ ਜ਼ਿੰਦਗੀ ਵੀ ਬਚਾ ਸਕਦੇ ਹਾਂ। ਇਸ ਸਮੇਂ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ), ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ ‘ਸ਼ੈਰੀ ਢਿੱਲੋਂ’ (ਵਾਈਸ ਚੇਅਰਮੈਨ),ਰਾਜਵਿੰਦਰ ਸਿੰਘ ਸੋਢੀ (ਜਨਰਲ ਸਕੱਤਰ), ਗੁਰਮੀਤ ਸਿੰਘ ਗਿੱਲ ਸਰਪੰਚ (ਵਿੱਤ-ਸਕੱਤਰ) ਅਤੇ ਕੁਆਰਡੀਨੇਟਰ ਵੀ ਮੌਜੂਦ ਸਨ।